# ਨਸਲੀ ਸਮਾਨਤਾ ਦੇ ਪ੍ਰਚਾਰ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ

ਰਜਿਸਟ੍ਰੇਸ਼ਨ ਅਤੇ ਚੋਣ ਦਫਤਰ (REO), ਚੋਣ ਮਾਮਲਿਆਂ ਦੇ ਕਮਿਸ਼ਨ (EAC) ਦੀ ਕਾਰਜਕਾਰੀ ਸ਼ਾਖਾ ਹੋਣ ਦੇ ਨਾਤੇ, EAC ਆਰਡੀਨੈਂਸ (ਅਧਿਆਇ 541) ਦੇ ਅਧੀਨ ਇਸ ਦੇ ਕਾਨੂੰਨੀ ਕਾਰਜਾਂ ਦੇ ਕੁਸ਼ਲਤਾ ਪੂਰਵਕ ਨਿਰਵਾਹ ਕਰਨ ਵਿੱਚ ਵਿੱਚ EAC ਨੂੰ ਪ੍ਰਸ਼ਾਸਕੀ ਸਹਾਇਤਾ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ। ਇਨ੍ਹਾਂ ਵਿੱਚ ਚੋਣ ਖੇਤਰ ਦੀਆਂ ਸੀਮਾਵਾਂ ਦੀ ਸਮੀਖਿਆ ਅਤੇ ਨਿਰਧਾਰਨ, ਵੋਟਰਾਂ ਦੀ ਰਜਿਸਟ੍ਰੇਸ਼ਨ, ਚੋਣ ਦਿਸ਼ਾ ਨਿਰਦੇਸ਼ਾਂ ਅਤੇ ਰਿਪੋਰਟਾਂ ਦਾ ਸੰਕਲਨ, ਚੋਣਾਂ ਦਾ ਸੰਚਾਲਨ ਅਤੇ ਨਿਗਰਾਨੀ ਅਤੇ ਸ਼ਿਕਾਇਤਾਂ ਦਾ ਨਿਪਟਾਰਾ ਸ਼ਾਮਲ ਹੈ।

ਸਰਕਾਰ ਨਸਲੀ ਸਮਾਨਤਾ ਦੇ ਪ੍ਰਚਾਰ ਨੂੰ ਸੰਬੰਧਿਤ ਨੀਤੀਆਂ ਅਤੇ ਉਪਾਵਾਂ ਦੇ ਨਿਰਮਾਣ, ਲਾਗੂ ਕਰਨ ਅਤੇ ਸਮੀਖਿਆ ਵਿੱਚ ਇੱਕ ਅਨਿੱਖੜਵੇਂ ਪਹਿਲੂ ਵਜੋਂ ਬਹੁਤ ਮਹੱਤਵ ਦਿੰਦੀ ਹੈ। ਇਸ ਉਦੇਸ਼ ਲਈ, REO ਨੇ ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਵੋਟਰ ਰਜਿਸਟ੍ਰੇਸ਼ਨ ਅਤੇ ਚੋਣ-ਸਬੰਧਤ ਮਾਮਲਿਆਂ ਨਾਲ ਸਬੰਧਤ ਜਾਣਕਾਰੀ ਤੱਕ ਪਹੁੰਚ ਦੀ ਸਹੂਲਤ ਲਈ ਕਈ ਉਪਾਅ ਕੀਤੇ ਹਨ।

### A. ਵੋਟਰ ਰਜਿਸਟ੍ਰੇਸ਼ਨ

| | |
|---|---|
| ਸਬੰਧਤ ਸੇਵਾਵਾਂ | • ਵੋਟਰ ਰਜਿਸਟ੍ਰੇਸ਼ਨ |
| ਮੌਜੂਦਾ ਉਪਾਅ | • ਵੋਟਰ ਰਜਿਸਟ੍ਰੇਸ਼ਨ ਦੇ ਬਾਰੇ ਵਿੱਚ ਮੁੱਖ ਜਾਣਕਾਰੀ ਚੀਨੀ, ਅੰਗ੍ਰੇਜ਼ੀ, ਜਪਾਨੀ ਅਤੇ ਕੋਰਿਆਈ[1] ਭਾਸ਼ਾ ਤੋਂ ਇਲਾਵਾ ਅੱਠ ਹੋਰਨਾਂ ਭਾਸ਼ਾਵਾਂ ਵਿੱਚ (ਸੂਚਨਾ ਨੋਟਿਸ ਅਤੇ ਪ੍ਰਸ਼ਨਾਂ ਅਤੇ ਉੱਤਰਾਂ ਦੇ ਇੱਕ ਸੈੱਟ ਦੇ ਰੂਪ ਵਿੱਚ) ਵੋਟਰ ਰਜਿਸਟ੍ਰੇਸ਼ਨ ਦੇ ਲਈ ਸਮਰਪਿਤ ਵੈਬਸਾਈਟ ਉੱਤੇ ਪ੍ਰਕਾਸ਼ਿਤ ਕੀਤੀ ਗਈ ਹੈ, ਤਾਂ ਜੋ ਵੱਖ ਵੱਖ ਨਸਲਾਂ ਦੇ ਲੋਕਾਂ ਨੂੰ ਵੋਟਰ ਰਜਿਸਟ੍ਰੇਸ਼ਨ ਦੇ ਲਈ ਯੋਗਤਾ ਦੀਆਂ ਲੋੜਾਂ ਅਤੇ ਵਿਧਾਨਕ ਪ੍ਰਕਿਰਿਆਵਾਂ ਅਤੇ ਸਮਾਂ ਸੀਮਾਂ ਨੂੰ ਸਮਝਾਉਣ ਵਿੱਚ ਸਹਾਇਤਾ ਮਿਲ ਸਕੇ।<br><br>• ਵੋਟਰ ਰਜਿਸਟ੍ਰੇਸ਼ਨ ਸਬੰਧੀ ਸੁਨੇਹੇ ਸੈਂਟਰ ਫਾਰ ਹਾਰਮੋਨੀ ਐਂਡ ਇਨਹਾਂਸਮੈਂਟ ਆਫ ਐਥਨਿਕ ਮਾਈਨੋਰਿਟੀ ਰੈਜ਼ੀਡੈਂਟਸ (CHEER) ਦੇ ਨਿਊਜ਼ਲੈਟਰਾਂ ਵਿੱਚ ਅੱਠ ਭਾਸ਼ਾਵਾਂ[1] ਵਿੱਚ ਅਤੇ ਚੋਣਾਂ ਦੇ ਸਾਲਾਂ ਵਿੱਚ ਵੋਟਰ ਰਜਿਸਟ੍ਰੇਸ਼ਨ ਮੁਹਿੰਮ ਦੌਰਾਨ ਸਥਾਨਕ ਅਖਬਾਰਾਂ ਵਿੱਚ ਚਾਰ ਭਾਸ਼ਾਵਾਂ[2] ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ। |

[1] ਅੱਠ ਭਾਸ਼ਾਵਾਂ ਵਿੱਚ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਾਗਾਲੋਗ, ਥਾਈ, ਉਰਦੂ ਅਤੇ ਵੀਅਤਨਾਮੀ ਸ਼ਾਮਲ ਹਨ।
[2] ਚਾਰ ਭਾਸ਼ਾਵਾਂ ਵਿੱਚ ਬਹਾਸਾ ਇੰਡੋਨੇਸ਼ੀਆ, ਨੇਪਾਲੀ, ਤਾਗਾਲੋਗ ਅਤੇ ਉਰਦੂ ਸ਼ਾਮਲ ਹਨ।

- ਨਸਲੀ ਘੱਟ-ਗਿਣਤੀਆਂ[3] ਦੇ ਲਈ ਦਸ ਸਹਾਇਤਾ ਸੇਵਾ ਕੇਂਦਰਾਂ ਉੱਤੇ ਵੋਟਰ ਰਜਿਸਟ੍ਰੇਸ਼ਨ ਸਬੰਧੀ ਪੋਸਟਰ ਪਰਦਰਸ਼ਿਤ ਕੀਤੇ ਜਾਂਦੇ ਹਨ, ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਪ੍ਰਾਪਤ ਕਰਨ ਲਈ ਵੋਟਰ ਬਿਨੈ ਪੱਤਰ ਉਪਲਬਧ ਕਰਵਾਏ ਗਏ ਹਨ, ਅਤੇ ਚੋਣਾਂ ਦੇ ਸਾਲਾਂ ਵਿੱਚ ਵੋਟਰ ਰਜਿਸਟ੍ਰੇਸ਼ਨ ਅਭਿਆਨ ਦੇ ਦੌਰਾਨ ਵੋਟਰ ਰਜਿਸਟ੍ਰੇਸ਼ਨ ਦੇ ਲਈ ਬਿਨੈ ਪੱਤਰ ਦੇਣ ਵਿੱਚ ਵੱਖ-ਵੱਖ ਨਸਲਾਂ ਦੇ ਲੋਕਾਂ ਦੀ ਸਹਾਇਤਾ ਲਈ ਤੁਰਦੇ-ਫਿਰਦੇ ਕਾਊਂਟਰ ਸਥਾਪਿਤ ਕੀਤੇ ਜਾਂਦੇ ਹਨ।

- ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਰਜਿਸਟ੍ਰੇਸ਼ਨ ਲਈ ਅਪੀਲ ਕਰਨ ਲਈ ਮੁੱਖ ਵੋਟਰ ਰਜਿਸਟ੍ਰੇਸ਼ਨ ਸੰਦੇਸ਼ ਚੀਨੀ, ਅੰਗਰੇਜ਼ੀ ਅਤੇ ਹੋਰ ਪੰਜ ਭਾਸ਼ਾਵਾਂ[4] ਵਿੱਚ ਰੇਡੀਓ ਰਾਹੀਂ ਪ੍ਰਸਾਰਿਤ ਕੀਤੇ ਜਾਂਦੇ ਹਨ।

- ਵੱਖ-ਵੱਖ ਨਸਲਾਂ ਦੇ ਲੋਕਾਂ ਲਈ ਸਾਡੀਆਂ ਮੌਜੂਦਾ ਵੋਟਰ ਰਜਿਸਟ੍ਰੇਸ਼ਨ ਸੇਵਾਵਾਂ ਦੀ ਸਮੀਖਿਆ ਕਰਨ ਅਤੇ ਚੋਣਾਂ ਦੇ ਸਾਲਾਂ ਵਿੱਚ ਵੋਟਰ ਰਜਿਸਟ੍ਰੇਸ਼ਨ ਮੁਹਿੰਮ ਦੌਰਾਨ ਪ੍ਰਚਾਰ ਦੇ ਯਤਨਾਂ ਨੂੰ ਵਧਾਉਣ ਵਿੱਚ ਮਦਦ ਲਈ ਵੱਖ-ਵੱਖ ਨਸਲਾਂ ਦੇ ਲੋਕਾਂ ਦੇ ਵਿਚਾਰ ਇਕੱਠੇ ਕਰਨ ਲਈ ਨਸਲੀ ਘੱਟ-ਗਿਣਤੀਆਂ ਲਈ ਸਹਾਇਤਾ ਸੇਵਾ ਕੇਂਦਰਾਂ ਵਿੱਚ ਸਰਵੇਖਣ ਫਾਰਮ ਵੰਡੇ ਜਾਂਦੇ ਹਨ।

- CHEER ਦੇ ਸਹਿਯੋਗ ਨਾਲ, REO ਚੋਣ ਹੌਟਲਾਈਨ ਰਾਹੀਂ, ਵੋਟਰ ਰਜਿਸਟ੍ਰੇਸ਼ਨ ਸਬੰਧੀ ਮਾਮਲਿਆਂ ਨਾਲ ਸਬੰਧਤ ਪੁੱਛਗਿੱਛ ਕਰਨ ਵਿੱਚ ਵੱਖ-ਵੱਖ ਨਸਲਾਂ ਦੇ ਲੋਕਾਂ ਦੀ ਮਦਦ ਕਰਨ ਲਈ, ਅੱਠ ਭਾਸ਼ਾਵਾਂ[1] ਵਿੱਚ ਮੁਫ਼ਤ ਟੈਲੀਫੋਨ ਦੁਭਾਸ਼ੀਆ ਸੇਵਾ ਪ੍ਰਦਾਨ ਕਰਦਾ ਹੈ।

ਭਵਿੱਖ ਦੇ ਕੰਮਾਂ ਦਾ ਮੁਲਾਂਕਣ

- REO ਸਮੇਂ-ਸਮੇਂ 'ਤੇ ਵਿਭਿੰਨ ਨਸਲਾਂ ਦੇ ਲੋਕਾਂ ਲਈ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ, ਵੱਖ-ਵੱਖ ਨਸਲਾਂ ਦੇ ਲੋਕਾਂ ਨਾਲ ਆਪਣੇ ਸੰਚਾਰ ਨੂੰ ਬਿਹਤਰ ਬਣਾਉਣ ਲਈ ਫਰੰਟਲਾਈਨ ਸਟਾਫ ਦੀ ਸਿਖਲਾਈ ਨੂੰ ਮਜ਼ਬੂਤ ਕਰੇਗਾ ਅਤੇ, ਅਤੇ ਜਿੱਥੋਂ ਤੱਕ ਹੋ ਸਕੇ, ਉਨ੍ਹਾਂ ਨੂੰ ਵੋਟਰ ਰਜਿਸਟ੍ਰੇਸ਼ਨ ਜਾਣਕਾਰੀ ਪ੍ਰਦਾਨ ਕਰਨ ਲਈ ਆਪਣੇ ਪ੍ਰਚਾਰ ਯਤਨਾਂ ਨੂੰ ਵਧਾਉਣਾ ਜਾਰੀ ਰੱਖੇਗਾ, ਜਿਸ ਵਿੱਚ ਵੱਖ-ਵੱਖ ਨਸਲਾਂ ਦੇ ਯੋਗ ਲੋਕਾਂ ਨੂੰ ਵੋਟਰਾਂ ਦੇ ਤੌਰ 'ਤੇ ਰਜਿਸਟਰ ਕਰਨ ਲਈ ਉਤਸ਼ਾਹਿਤ ਕਰਨ ਅਤੇ ਉਹਨਾਂ ਦੀ ਮਦਦ ਕਰਨ ਲਈ ਪ੍ਰਭਾਵਸ਼ਾਲੀ ਸਾਧਨਾਂ 'ਤੇ ਚਰਚਾ ਕਰਨ ਲਈ ਗੈਰ-ਸਰਕਾਰੀ ਸੰਸਥਾਵਾਂ ਨਾਲ ਮੀਟਿੰਗਾਂ ਸ਼ਾਮਿਲ ਹਨ।

---

[3] ਨਸਲੀ ਘੱਟ-ਗਿਣਤੀਆਂ ਲਈ ਦਸ ਸਹਾਇਤਾ ਸੇਵਾ ਕੇਂਦਰ ਹਨ CHEER ਸੈਂਟਰ (Kwun Tong), HOME ਸੈਂਟਰ (Yau Tsim Mong), HOME ਸਬ-ਸੈਂਟਰ (Sham Shui Po), HOPE ਸੈਂਟਰ (Wanchai), LINK ਸੈਂਟਰ (Kwai Tsing), ONE ਸੈਂਟਰ (Tuen Mun), TOUCH ਸਬ-ਸੈਂਟਰ (Tung Chung) ਅਤੇ YLTH ਸੈਂਟਰ (Yuen Long) DREAM ਸੈਂਟਰ (Kowloon City), IDEA ਸੈਂਟਰ (Shatin)

[4] ਪੰਜ ਭਾਸ਼ਾਵਾਂ ਵਿੱਚ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਥਾਈ ਅਤੇ ਉਰਦੂ ਸ਼ਾਮਿਲ ਹਨ।

| | |
|---|---|
| ਕੀਤੇ ਗਏ/ ਕੀਤੇ ਜਾਣ ਵਾਲੇ ਵਾਧੂ ਉਪਾਅ | • REO ਸੇਵਾਵਾਂ ਦੇ ਪ੍ਰਬੰਧ ਵਿੱਚ ਨਸਲੀ ਸਮਾਨਤਾ ਦੀ ਉਹਨਾਂ ਦੀ ਸੰਵੇਦਨਸ਼ੀਲਤਾ ਅਤੇ ਸਮਝ ਨੂੰ ਵਧਾਉਣ ਲਈ ਕਰਮਚਾਰੀਆਂ ਨੂੰ ਸਿਖਲਾਈ ਪ੍ਰਦਾਨ ਕਰਨਾ ਜਾਰੀ ਰੱਖੇਗਾ, ਨਾਲ ਹੀ ਦੁਭਾਸ਼ੀਏ ਆਦਿ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਲਈ ਹੁਨਰ ਅਤੇ ਤਕਨੀਕਾਂ ਆਦਿ ਵੀ ਪ੍ਰਦਾਨ ਕਰੇਗਾ।<br><br>• REO ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਮੁਹੱਈਆ ਕੀਤੀ ਗਈ ਭਾਸ਼ਾ ਸੇਵਾ ਦੀ ਲੋੜ ਬਾਰੇ CHEER ਤੋਂ ਉਪਭੋਗਤਾ ਜਾਣਕਾਰੀ ਅਤੇ ਅੰਕੜੇ ਇਕੱਠੇ ਕਰੇਗਾ ਅਤੇ ਜੇਕਰ ਸੁਧਾਰ ਦੀ ਲੋੜ ਹੈ ਤਾਂ ਉਸਦੀ ਸਮੀਖਿਆ ਕਰੇਗਾ। |

## B. ਚੋਣਾਂ ਸਬੰਧੀ ਮਾਮਲੇ

| | |
|---|---|
| ਸਬੰਧਤ ਸੇਵਾਵਾਂ | • ਚੋਣਾਂ ਸਬੰਧੀ ਮਾਮਲੇ |
| ਮੌਜੂਦਾ ਉਪਾਅ | • ਚੋਣਾਂ ਸਬੰਧੀ ਮਾਮਲਿਆਂ, ਵਿਸ਼ੇਸ਼ ਰੂਪ ਵਿੱਚ ਵੋਟਿੰਗ ਪ੍ਰਕਿਰਿਆਵਾਂ ਉੱਤੇ ਮਹੱਤਵਪੂਰਨ ਜਾਣਕਾਰੀ ਅੰਗ੍ਰੇਜ਼ੀ, ਚੀਨੀ, ਜਪਾਨੀ ਅਤੇ ਕੋਰੀਆਈ ਤੋਂ ਇਲਾਵਾ ਅੱਠ ਹੋਰਨਾਂ ਭਾਸ਼ਾਵਾਂ[1] ਵਿੱਚ (ਚੋਣਾਂ ਦੇ ਸੰਖੇਪ ਦੇ ਰੂਪ ਵਿੱਚ) ਸਮਰਪਿਤ ਚੋਣ ਵੈਬਸਾਈਟ ਉੱਤੇ ਪ੍ਰਕਾਸ਼ਿਤ ਕੀਤੀ ਜਾਂਦੀ ਹੈ, ਤਾਂ ਜੋ ਚੋਣਾਂ ਦੇ ਸਾਲ ਦੇ ਦੌਰਾਨ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਸਬੰਧਿਤ ਜਾਣਕਾਰੀ ਸਮਝਣ ਵਿੱਚ ਸਹਾਇਤਾ ਮਿਲ ਸਕੇ।<br><br>• ਹਰੇਕ ਚੋਣ ਦੀ ਸੰਖੇਪ ਜਾਣਕਾਰੀ ਅੱਠ ਭਾਸ਼ਾਵਾਂ[1] ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ, ਜੋ ਨਸਲੀ ਘੱਟ ਗਿਣਤੀਆਂ ਲਈ ਦਸ ਸਹਾਇਤਾ ਸੇਵਾ ਕੇਂਦਰਾਂ[3] ਵਿੱਚ ਪ੍ਰਦਰਸ਼ਿਤ ਕੀਤੀ ਜਾਂਦੀ ਹੈ।<br><br>• ਜ਼ਿਲ੍ਹਾ ਪਰਿਸ਼ਦ ਦੀਆਂ ਆਮ ਚੋਣਾਂ ਅਤੇ ਵਿਧਾਨ ਪ੍ਰੀਸ਼ਦ ਦੀਆਂ ਆਮ ਚੋਣਾਂ ਲਈ ਨਾਮਜ਼ਦਗੀ ਅਤੇ ਵੋਟਿੰਗ ਲਈ ਅਪੀਲ ਬਾਰੇ ਇਸ਼ਤਿਹਾਰ ਉਪਰੋਕਤ ਸਹਾਇਤਾ ਸੇਵਾ ਕੇਂਦਰਾਂ[3] ਦੁਆਰਾ ਪ੍ਰਕਾਸ਼ਿਤ ਅਖਬਾਰਾਂ ਅਤੇ ਸਮਾਚਾਰ ਪੱਤਰਾਂ ਵਿੱਚ ਦਿੱਤੇ ਜਾਂਦੇ ਹਨ।<br><br>• ਚੋਣ ਪ੍ਰਕਿਰਿਆ ਸਬੰਧੀ ਲੋੜੀਂਦੀ ਜਾਣਕਾਰੀ ਵਾਲਾ ਇੱਕ ਭਾਸ਼ਾ ਸਹਾਇਤਾ ਫੋਲਡਰ, (ਜਪਾਨੀ, ਕੋਰੀਆਈ ਅਤੇ ਹੋਰ ਅੱਠ ਭਾਸ਼ਾਵਾਂ[1] ਸਹਿਤ) ਦਸ ਭਾਸ਼ਾਵਾਂ ਵਿੱਚ ਛਾਪਿਆ ਗਿਆ ਹੈ, ਅਤੇ "ਚੋਣ ਪ੍ਰਕਿਰਿਆ 'ਤੇ ਮਾਰਗਦਰਸ਼ਨ ਦੀ ਜਾਣਕਾਰੀ" ਦਾ ਇੱਕ ਸੈੱਟ ਹਰੇਕ ਪੋਲਿੰਗ ਸਟੇਸ਼ਨ 'ਤੇ ਉਪਲਬਧ ਕਰਵਾਇਆ ਜਾਂਦਾ ਹੈ, ਤਾਂ ਜੋ ਚੋਣਾਂ ਦੇ ਦਿਨ ਵੱਖ ਵੱਖ ਨਸਲਾਂ ਦੇ ਵੋਟਰਾਂ ਨੂੰ ਲੋੜ ਅਨੁਸਾਰ ਵੋਟ ਪਾਉਣ ਵਿੱਚ ਸਹਾਇਤਾ ਮਿਲ ਸਕੇ। |

- CHEER ਦੇ ਸਹਿਯੋਗ ਨਾਲ, REO ਵੋਟਿੰਗ ਪ੍ਰਕਿਰਿਆਵਾਂ ਨੂੰ ਸਮਝਣ ਅਤੇ ਚੋਣ-ਸਬੰਧਤ ਮਾਮਲਿਆਂ ਬਾਰੇ ਪੁੱਛਗਿੱਛ ਕਰਨ ਵਿੱਚ ਵੱਖ-ਵੱਖ ਨਸਲਾਂ ਦੇ ਵੋਟਰਾਂ ਦੀ ਮਦਦ ਕਰਨ ਲਈ, REO ਟੈਲੀਫੋਨ ਹੌਟਲਾਈਨ ਰਾਹੀਂ ਅੱਠ ਭਾਸ਼ਾਵਾਂ[1] ਵਿੱਚ ਮੁਫਤ ਟੈਲੀਫੋਨ ਦੁਭਾਸ਼ੀਆ ਸੇਵਾ ਪ੍ਰਦਾਨ ਕਰਦਾ ਹੈ।

- ਇੱਕ ਚੋਣ ਸਾਲ ਵਿੱਚ, ਰੇਡੀਓ ਰਾਹੀਂ ਚੀਨੀ, ਅੰਗਰੇਜ਼ੀ ਅਤੇ ਹੋਰ ਪੰਜ ਭਾਸ਼ਾਵਾਂ[4] ਵਿੱਚ ਸੁਨੇਹੇ ਪ੍ਰਸਾਰਿਤ ਕੀਤੇ ਜਾਂਦੇ ਹਨ ਤਾਂ ਜੋ ਚੋਣਾਂ ਸੰਬੰਧੀ ਜਾਣਕਾਰੀ ਦਾ ਐਲਾਨ ਕੀਤਾ ਜਾ ਸਕੇ ਅਤੇ ਵੱਖ-ਵੱਖ ਨਸਲਾਂ ਦੇ ਵੋਟਰਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਜਾ ਸਕੇ।

- ਇੱਕ ਚੋਣ ਸਾਲ ਵਿੱਚ, ਅੱਠ ਭਾਸ਼ਾਵਾਂ[1] ਵਿੱਚ ਚੋਣ ਸੰਬੰਧੀ ਜਾਣਕਾਰੀ ਹੋਮ ਅਫੇਅਰਜ਼ ਡਿਪਾਰਟਮੈਂਟ ਦੀ ਰੇਸ ਰਿਲੇਸ਼ਨਸ ਯੂਨਿਟ ਦੇ ਹੋਮਪੇਜ (www.had.gov.hk/rru) 'ਤੇ ਉਪਲਬਧ ਹੁੰਦੀ ਹੈ।

- ਉਮੀਦਵਾਰਾਂ ਨੂੰ ਅੰਗਰੇਜ਼ੀ ਅਤੇ/ਜਾਂ ਹੋਰ ਭਾਸ਼ਾਵਾਂ ਵਿੱਚ ਚੋਣ ਇਸ਼ਤਿਹਾਰ ਦੇਣ ਲਈ ਅਪੀਲ ਕੀਤੀ ਜਾਂਦੀ ਹੈ ਤਾਂ ਜੋ ਉਹਨਾਂ ਨੂੰ ਉਹ ਵੋਟਰ ਵੀ ਸਮਝ ਸਕਣ ਜੋ ਚੀਨੀ ਨਹੀਂ ਪੜ੍ਹਦੇ ਹਨ।

**ਭਵਿੱਖ ਦੇ ਕੰਮਾਂ ਦਾ ਮੁਲਾਂਕਣ**

- REO ਸਮੇਂ-ਸਮੇਂ 'ਤੇ ਵਿਭਿੰਨ ਨਸਲਾਂ ਦੇ ਲੋਕਾਂ ਲਈ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ ਅਤੇ, ਵਿਵਹਾਰਕ ਹੱਦ ਤੱਕ, ਵਿਭਿੰਨ ਨਸਲਾਂ ਦੇ ਵੋਟਰਾਂ ਨੂੰ ਚੋਣ ਸੰਬੰਧੀ ਮਾਮਲਿਆਂ 'ਤੇ ਮੁੱਖ ਜਾਣਕਾਰੀ ਪ੍ਰਦਾਨ ਕਰਨ ਲਈ ਆਪਣੇ ਯਤਨਾਂ ਨੂੰ ਵਧਾਉਣਾ ਜਾਰੀ ਰੱਖੇਗਾ।

**ਕੀਤੇ ਗਏ/ ਕੀਤੇ ਜਾਣ ਵਾਲੇ ਵਾਧੂ ਉਪਾਅ**

- REO ਸਾਰੇ ਪੋਲਿੰਗ ਸਟੇਸ਼ਨਾਂ 'ਤੇ ਭਾਸ਼ਾ ਸਹਾਇਤਾ ਫੋਲਡਰ ਉਪਲਬਧ ਕਰਾਉਣਾ ਜਾਰੀ ਰੱਖੇਗਾ ਅਤੇ ਪੋਲਿੰਗ ਸਟਾਫ ਨੂੰ ਸਿਖਲਾਈ ਅਤੇ ਸੰਚਾਲਨ ਸੰਬੰਧੀ ਮੈਨੂਅਲਾਂ ਰਾਹੀਂ ਵੱਖ-ਵੱਖ ਨਸਲਾਂ ਦੇ ਵੋਟਰਾਂ ਨੂੰ ਵੋਟ ਪਾਉਣ ਵਿੱਚ ਸਹੂਲਤ ਲਈ ਢੁਕਵੀਂ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਦੀ ਯਾਦ ਦਿਵਾਉਣਾ ਜਾਰੀ ਰੱਖੇਗਾ। ਨਾਲ ਹੀ, REO ਆਮ ਤੌਰ 'ਤੇ ਨਸਲ ਨਾਲ ਸਬੰਧਤ ਮੁੱਦਿਆਂ ਪ੍ਰਤੀ ਉਹਨਾਂ ਦੀ ਸੰਵੇਦਨਸ਼ੀਲਤਾ ਅਤੇ ਸਮਝ ਨੂੰ ਵਧਾਉਣ ਲਈ ਸਬੰਧਤ ਕਰਮਚਾਰੀਆਂ ਨੂੰ ਸਿਖਲਾਈ ਪ੍ਰਦਾਨ ਕਰਨਾ ਜਾਰੀ ਰੱਖੇਗਾ।

- REO ਸਬੰਧਤ ਉਪਭੋਗਤਾਵਾਂ ਤੋਂ ਡਾਟਾ ਅਤੇ ਅੰਕੜੇ ਇਕੱਤਰ ਕਰੇਗਾ ਕਿ ਕੀ ਸਮਰਪਿਤ ਚੋਣ ਵੈਬਸਾਈਟ 'ਤੇ ਮੁਹੱਈਆ ਕਰਵਾਈ ਗਈ ਚੋਣ-ਸਬੰਧਤ ਜਾਣਕਾਰੀ, ਪੋਸਟਰ ਅਤੇ ਸਮਾਚਾਰ ਪੱਤਰ 'ਤੇ ਪ੍ਰਕਾਸ਼ਿਤ, ਭਾਸ਼ਾ ਸਹਾਇਤਾ ਫੋਲਡਰ ਵਿੱਚ ਛਾਪੀ ਗਈ ਅਤੇ ਪੋਲਿੰਗ ਸਟੇਸ਼ਨਾਂ ਵਿੱਚ ਉਪਲਬਧ "ਵੋਟਿੰਗ ਪ੍ਰਕਿਰਿਆ ਬਾਰੇ ਮਾਰਗਦਰਸ਼ਨ 'ਤੇ ਜਾਣਕਾਰੀ" ਅਤੇ ਰੇਡੀਓ ਪ੍ਰੋਗਰਾਮ ਵਿੱਚ ਪ੍ਰਸਾਰਣ ਦੇ ਨਾਲ ਨਾਲ ਪ੍ਰਦਾਨ ਕੀਤੀ ਗਈ ਮੁਫਤ ਦੁਭਾਸ਼ੀਆ ਸੇਵਾ ਉਹਨਾਂ ਨੂੰ ਚੋਣਾਂ ਨਾਲ ਸਬੰਧਤ ਮਾਮਲਿਆਂ ਬਾਰੇ ਹੋਰ ਸਮਝਣ ਵਿੱਚ ਸਹਾਇਤਾ ਕਰ

ਸਕਦੀ ਹੈ ਤਾਂ ਜੋ ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਵਿਭਾਗ ਦੀ ਸੇਵਾ ਦੀ ਵਰਤੋਂ ਦਾ ਵਿਸ਼ਲੇਸ਼ਣ ਕੀਤਾ ਜਾ ਸਕੇ ਅਤੇ ਜੇਕਰ ਉਹਨਾਂ ਨੂੰ ਪ੍ਰਦਾਨ ਕੀਤੀ ਗਈ ਸੇਵਾ ਵਿੱਚ ਸੁਧਾਰ ਦੀ ਲੋੜ ਹੈ।

ਨਸਲੀ ਸਮਾਨਤਾ ਦੇ ਪ੍ਰਚਾਰ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰੋ -

ਵੋਟਰ ਰਜਿਸਟ੍ਰੇਸ਼ਨ ਸਬੰਧੀ ਮਾਮਲੇ:

| | | |
|---|---|---|
| ਨਾਮ | : | Miss Clara YAU Pui-yee |
| ਅਹੁੱਦਾ | : | Senior Electoral Officer (Geographical Constituencies*2* |
| ਟੈਲੀਫੋਨ ਨੰ. | : | 2127 7100 |
| ਫੈਕਸ ਨੰ. | : | 2649 7928 |
| ਈ-ਮੇਲ | : | reoenq@reo.gov.hk |
| ਡਾਕ ਪਤਾ | : | 30/F, Standard Chartered Tower, Millennium City 1, 388 Kwun Tong Road, Kwun Tong, Kowloon. |

ਚੋਣਾਂ ਸਬੰਧੀ ਮਾਮਲੇ:

| | | |
|---|---|---|
| ਨਾਮ | : | Ms Sherrie POON Pik-yuk |
| ਅਹੁੱਦਾ | : | Senior Project Officer (Elections Division 3) Special Support |
| ਟੈਲੀਫੋਨ ਨੰ. | : | 2191 3918 |
| ਫੈਕਸ ਨੰ. | : | 2191 3003 |
| ਈ-ਮੇਲ | : | reoenq@reo.gov.hk |
| ਡਾਕ ਪਤਾ | : | Units 2605-2611, Tower 1, Millennium City 1, 388 Kwun Tong Road, Kwun Tong |

**ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ**
**ਜੂਨ 2025**